# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ

ਫੋਨ ਨੰ- **0172- 2623207, 2621104, 2621106, 2623106, 2600166**

## ਜਨਤਕ ਸੂਚਨਾ

1.0 ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋ ਐਸ.ਐਸ.ਏ ਅਤੇ ਆਰ.ਐਮ.ਐਸ.ਏ ਦੇ ਤਹਿਤ **ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ** ਵਿਸ਼ੇ ਦੀਆਂ ਅਸਾਮੀਆਂ ਲਈ ਵਿਗਿਆਪਨ ਮਿਤੀ 20.11.2010 ਅਤੇ ਮਿਤੀ 3.12.2010 ਨੂੰ ਅਜੀਤ, ਹਿੰਦੁਸਤਾਨ ਟਾਇਮਜ਼, ਪੰਜਾਬ ਕੇਸਰੀ ਆਦਿ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਜਿਸ ਦੇ ਤਹਿਤ ਉਮੀਦਵਾਰ ਨੇ (ਐਸ.ਐਸ.ਏ, ਆਰ.ਐਮ.ਐਸ.ਏ ਜਾਂ ਦੋਨੋ) ਲਈ ਅਪਲਾਈ ਕੀਤਾ ਸੀ, ਜਿਸ ਦਾ ਲਿਖਤੀ ਟੈਸਟ ਮਿਤੀ 27/12/2010, 28/12/2010 ਅਤੇ 29/12/2010 ਨੂੰ ਲਿਆ ਗਿਆ ਸੀ, ਜਿਸ ਦਾ ਨਤੀਜਾ ਵੈਬਸਾਇਟ ਤੇ ਉਪਲਬਧ ਕਰਵਾਇਆ ਗਿਆ ਸੀ, ਇਸ ਟੈਸਟ ਵਿੱਚ ਸਫਲ ਹੋਏ ਉਮੀਦਵਾਰਾਂ ਦੀ ਐਸ.ਐਸ.ਏ ਅਧੀਨ ਪੋਸਟਾਂ ਲਈ ਕਾਉਨਸਲਿੰਗ ਮਿਤੀ 20.01.2011 ਤੋ 28.01.2011 ਤੱਕ ਮੋਹਾਲੀ ਵਿਖੇ ਕੀਤੀ ਗਈ ਸੀ।

2.0 ਹੁਣ ਉਹਨਾਂ ਉਮੀਦਵਾਰਾਂ ਨੂੰ ਜਿਹਨ੍ਹਾਂ ਨੇ ਆਰ.ਐਮ.ਐਸ.ਏ ਜਾਂ ਦੋਨਾਂ ਲਈ ਅਪਲਾਈ ਕੀਤਾ ਸੀ ਅਤੇ ਜਿਹਨ੍ਹਾਂ ਦਾ ਨਤੀਜਾ ਵਿਭਾਗ ਦੀ ਵੈਬਸਾਇਟ ਤੇ ਉਪਲਬਧ ਹੈ, ਨੂੰ ਆਰ.ਐਮ.ਐਸ.ਏ ਅਧੀਨ 79 ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ ਲਈ ਕਾਉਨਸਲਿੰਗ ਲਈ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ -3 ਬੀ 1, ਐਸ.ਐਸ.ਏ ਨਗਰ (ਮੋਹਾਲੀ) ਵਿੱਚ ਸਵੇਰੇ 9:00 ਵਜੇ ਬੁਲਾਇਆ ਜਾਦਾ ਹੈ। ਜਿਹਨ੍ਹਾਂ ਦੀ ਮੈਰਿਟ ਵੈਬਸਾਇਟ ਤੇ ਵਿਸ਼ਾਵਾਰ/ਕੈਟਾਗਿਰੀ ਵਾਇਜ Cut Off Merit ਤੋ ਉਪਰ ਹੈ, ਕੇਵਲ ਉਹੀ ਉਮੀਦਵਾਰ ਕਾਉਨਸਲਿੰਗ ਵਿੱਚ ਹਾਜਰ ਹੋਣ।

3.0 ਇਸ ਲਈ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਹ ਹੇਠ ਲਿਖੇ ਵੇਰਵੇ ਅਨੁਸਾਰ ਕਾਉਨਸਲਿੰਗ ਵਿੱਚ ਹਾਜਰ ਹੋਣ :-

| ਲੜੀ ਨੰ | ਮਤੀ | ਵਿਸ਼ਾ | ਕਾਉਨਸਲਿੰਗ ਲਈ ਲੋੜੀਦੇ ਦਸਤਾਵੇਜ |
|---|---|---|---|
| 1. | 30/05/2011 | ਅੰਗਰੇਜ਼ੀ ਅਤੇ ਮੈਥ | (1) ਰੋਲ ਨੰਬਰ ਸਲਿਪ, ਇਕ ਪਾਸਪੋਰਟ ਸਾਇਜ ਫੋਟੋ, ਸਾਰੇ ਅਸਲ ਦਸਤਾਵੇਜ਼, ਜਾਤੀ ਸਬੰਧੀ ਦਸਤਾਵੇਜ਼, ਕੈਟਾਗਿਰੀ ਦਸਤਾਵੇਜ਼, ਰਿਹਾਇਸੀ ਸਰਟੀਫਿਕੇਟ ਅਤੇ ਉਹਨਾਂ ਦੀਆਂ ਫੋਟੋ ਕਾਪੀਆਂ ਆਦਿ । (2) ਮਿਤੀ 20.01.2011 ਤੋ 28.01.2011 ਤੱਕ ਹੋਈ ਕਾਉਨਸਲਿੰਗ ਵਿੱਚ ਜਿਹਨ੍ਹਾਂ ਉਮੀਦਵਾਰਾਂ ਨੂੰ ਐਸ.ਐਸ.ਏ ਅਧੀਨ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁਕੇ ਹਨ, ਉਹ ਵੀ ਆਰ.ਐਮ.ਐਸ.ਏ ਦੀਆਂ ਅਸਾਮੀਆਂ ਵਿੱਚ ਦਿਲਚਸਪੀ ਰੱਖਦੇ ਹਨ ਤਾਂ ਕਾਉਨਸਲਿੰਗ ਵਿੱਚ ਹਾਜਰ ਹੋ ਸਕਦੇ ਹਨ, ਬਸਰਤੇ ਉਹਨ੍ਹਾਂ ਦੇ ਆਰ.ਐਮ.ਐਸ.ਏ ਜਾਂ ਦੋਨਾਂ ਵਿੱਚ ਅਪਲਾਈ ਕੀਤਾ ਹੋਵੇ। ਉਹ ਆਪਣਾ ਨਿਯੁਕਤੀ ਪੱਤਰ, ਹਾਜਰੀ ਰਿਪੋਰਟ ਅਤੇ ID Proof ਆਦਿ ਲੈਕੇ ਕਾਉਨਸਲਿੰਗ ਵਿੱਚ ਹਾਜਰ ਹੋਣ। |
| 2. | 31/05/2011 | ਸਾਇੰਸ, ਪੰਜਾਬੀ ਅਤੇ ਹਿੰਦੀ | |

ਨੋਟ : 1) ਜੇਕਰ ਕੋਈ ਉਮੀਦਵਾਰ ਨਿਰਧਾਰਤ ਮਿਤੀ ਨੂੰ ਹਾਜਰ ਨਹੀ ਹੁੰਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਉਮੀਦਵਾਰ ਇਸ ਨਿਯੁਕਤੀ ਵਿੱਚ ਦਿਲਚਸਪੀ ਨਹੀ ਰੱਖਦਾ ਅਤੇ ਅਗਲੇ ਉਮੀਦਵਾਰ ਨੂੰ ਮੈਰਿਟ ਅਨੁਸਾਰ ਵਿਚਾਰ ਲਿਆ ਜਾਵੇਗਾ।

ਸਟੇਟ ਪ੍ਰਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ
ਪੰਜਾਬ, ਚਡੀਗੜ੍ਹ